## ਦਫਤਰ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਦੀ ਸਪੈਸ਼ਲ ਮੀਟਿੰਗ ਮਿਤੀ 05/03/2019 ਨੂੰ ਸਵੇਰੇ 11:00 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ :-

| ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 1 | ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ | 17 | ਸ੍ਰੀ ਸਤਵੀਰ ਸਿੰਘ ਧਨੋਆ,ਮੈਂਬਰ ਵਾਰਡ ਨੰ:23 | 33 | ਸ੍ਰੀ ਸੁਰਿੰਦਰ ਸਿੰਘ ਰਾਜਪੂਤ, ਮੈਂਬਰ ਵਾ ਨੰ.45 |
| 2 | ਸ੍ਰੀ ਰਾਜਿੰਦਰ ਪ੍ਰਸਾਦ, ਮੈਂਬਰ ਵਾਰਡ ਨੰ:1 | 18 | ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਵਾਰਡ ਨੰ:24 | 34 | ਸ੍ਰੀ ਸੁਖਦੇਵ ਸਿੰਘ ਪਟਵਾਰੀ,ਮੈਂਬਰ ਵ.ਨੰ.47 |
| 3 | ਸ੍ਰੀ ਨਰਾਇਣ ਸਿੰਘ ਸਿੱਧੂ,ਮੈਂਬਰ,ਵਾਰਡ ਨੰ.2 | 19 | ਸ੍ਰੀ ਸਰਬਜੀਤ ਸਿੰਘ, ਮੈਂਬਰ ਵਾਰਡ ਨੰ. 25 | 35 | ਸ੍ਰੀਮਤੀ ਕਰਮਜੀਤ ਕੌਰ,ਮੈਂਬਰ ਵ.ਨੰ.48 |
| 4 | ਸ੍ਰੀਮਤੀ ਸੁਮਨ, ਮੈਂਬਰ ਵਾਰਡ ਨੰ:3 | 20 | ਸ੍ਰੀ ਗੁਰਮੀਤ ਸਿੰਘ ਵਾਲੀਆ,ਮੈਂਬਰ ਵਾਰਡ ਨੰ:27 | 36 | ਸ੍ਰੀ ਹਰਪਾਲ ਸਿੰਘ, ਮੈਂਬਰ ਵ.ਨੰ.50 |
| 5 | ਸ੍ਰੀਮਤੀ ਗੁਰਮੀਤ ਕੌਰ, ਮੈਂਬਰ ਵਾਰਡ ਨੰ:4 | 21 | ਸ੍ਰੀਮਤੀ ਉਪਿੰਦਰਪ੍ਰੀਤ ਕੌਰ ਅਰੋੜਾ,ਮੈਂਬਰਵਾ.ਨੰ:29 | | |
| 6 | ਸ੍ਰੀ ਨਛੱਤਰ ਸਿੰਘ, ਮੈਂਬਰ ਵਾਰਡ ਨੰ:6 | 22 | ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ:30 | | |
| 7 | ਸ੍ਰੀਮਤੀ ਕੁਲਵੰਤ ਕੌਰ, ਮੈਂਬਰ ਵਾਰਡ ਨੰ.7 | 23 | ਸ੍ਰੀ ਜਸਬੀਰ ਸਿੰਘ, ਮੈਂਬਰ ਵਾਰਡ ਨੰ:33 | | |
| 8 | ਸ੍ਰੀ ਅਸ਼ੋਕ ਕੁਮਾਰ ਝਾਅ, ਮੈਂਬਰ ਵਾਰਡ ਨੰ:8 | 24 | ਸ੍ਰੀਮਤੀ ਰਜ਼ਨੀ ਗੋਇਲ, ਮੈਂਬਰ ਵਾਰਡ ਨੰ:34 | | |
| 9 | ਸ੍ਰੀਮਤੀ ਕੁਲਦੀਪ ਕੋਰ ਕੰਗ, ਮੈਂਬਰ ਵ.ਨੰ.10 | 25 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵਾਰਡ ਨੰ.35 | | |
| 10 | ਸ੍ਰੀ ਗੁਰਮੁੱਖ ਸਿੰਘ ਸੋਹਲ,ਮੈਂਬਰ ਵ.ਨੰ.11 | 26 | ਸ੍ਰੀ ਸ੍ਰਿੰਦਰ ਪਾਲ ਸਿੰਘ, ਮੈਂਬਰ ਵਾਰਡ ਨੰ.36 | | |
| 11 | ਸ੍ਰੀਮਤੀ ਜਸਪ੍ਰੀਤ ਕੌਰ, ਮੈਂਬਰ ਵ.ਨੰ.13 | 27 | ਸ੍ਰੀਮਤੀ ਪ੍ਰਕਾਸ਼ ਵਤੀ, ਮੈਂਬਰ ਵਾਰਡ ਨੰ:37 | | |
| 12 | ਸ੍ਰੀਮਤੀ ਤਰਨਜੀਤ ਕੌਰ ਗਿੱਲ, ਮੈਂਬਰ ਵਾਰਡ ਨੰ:16 | 28 | ਸ੍ਰੀਮਤੀ ਰਮਨਪ੍ਰੀਤ ਕੌਰ, ਮੈਂਬਰ ਵਾਰਡ ਨੰ:39 | | |
| 13 | ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ:18 | 29 | ਸ੍ਰੀਮਤੀ ਜਸਬੀਰ ਕੌਰ ਅੱਤਲੀ,ਮੈਂਬਰ ਵਾ ਨੰ:40 | | |
| 14 | ਸ੍ਰੀਮਤੀ ਹਰਵਿੰਦਰ ਕੌਰ ਲੰਗ,ਮੈਂਬਰ ਵਾਰਡ ਨੰ:19 | 30 | ਸ੍ਰੀ ਸੁਰਿੰਦਰ ਸਿੰਘ, ਮੈਂਬਰ ਵ.ਨੰ.41 | | |
| 15 | ਸ੍ਰੀ ਫੂਲਰਾਜ ਸਿੰਘ, ਮੈਂਬਰ ਵਾਰਡ ਨੰ:21 | 31 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵ.ਨੰ.42 | | |
| 16 | ਸ੍ਰੀਮਤੀ ਸੁਰਜੀਤ ਕੌਰ ਸੋਢੀ, ਮੈਂਬਰ ਵਾਰਡ ਨੰ:22 | 32 | ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ ਵ.ਨੰ. 44 | | |

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹਾਊਸ ਵੱਲੋਂ ਸ੍ਰੀਮਤੀ ਰਾਜਿੰਦਰ ਕੌਰ,ਮੈਂਬਰ ਦੇ ਪਤੀ ਸ੍ਰੀ ਬਲਜੀਤ ਸਿੰਘ ਕੁਬੰੜਾ ਜੀ ਦੀ ਅਚਾਨਕ ਹੋਈ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ।

| Sr. No. | Resolution No. | Date of Meeting | Resolution Description | Orders of Competent Authority<br>ਪ੍ਰਵਾਨਗੀ ਜਨਰਲ ਹਾਊਸ |
|---|---|---|---|---|
| 1 | 490 | 05/03/19 | **ਨਗਰ ਨਿਗਮ, ਐਸ.ਏ.ਐਸ ਨਗਰ ਦਾ ਸਾਲ 2018-2019 ਦਾ ਰਿਵਾਇਜਡ ਬਜਟ ਅਤੇ 2019-2020 ਦੇ ਬਜਟ ਦੀ ਪ੍ਰਵਾਨਗੀ ਬਾਰੇ।**<br><br>ਰਿਪੋਰਟ ਲੇਖਾਸ਼ਾਖਾ ਕਿ ਨਗਰ ਨਿਗਮ ਦਾ ਸਾਲ 2019-2020 ਦਾ ਬਜਟ ਤਿਆਰ ਕੀਤਾ ਗਿਆ ਹੈ।ਇਸ ਤੋ ਇਲਾਵਾ ਜਨਵਰੀ 2019 ਤੱਕ ਹੋਈ ਆਮਦਨ ਅਤੇ ਖਰਚੇ ਨੂੰ ਧਿਆਨ ਵਿੱਚ ਰੱਖਕੇ ਸਾਲ 2018-2019 ਦਾ ਬਜਟ ਰਿਵਾਇਜ ਕੀਤਾ ਗਿਆ ਹੈ ਨਗਰ ਨਿਗਮ ਐਕਟ 1976 ਦੀ ਧਾਰਾ 82 ਅਤੇ 86 ਅਧੀਨ ਇਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋਂ ਲੋੜੀਂਦੀ ਹੈ।ਬਜਟ ਸਾਲ 2019-2020 ਦਾ ਵੇਰਵਾ ਹੇਠ ਅਨੁਸਾਰ ਹੈ।<br><br>**ਬਜਟ ਦਾ ਮੁੱਖ ਬਿਓਰਾ:-**<br><br>ਸਾਲ 2018-2019 ਦੌਰਾਨ 10815.50 ਲੱਖ ਰੁਪਏ ਦੀ ਆਮਦਨ ਦਾ ਬਜਟ ਪ੍ਰਵਾਨ ਕੀਤਾ ਗਿਆ ਸੀ, ਜਿਸ ਦੇ ਵਿਰੁੱਧ 11702.50 ਲੱਖ ਰੁਪਏ ਆਮਦਨ ਹੋਣ ਦੀ ਉਮੀਦ ਹੈ।ਸਾਲ 2019-2020 ਲਈ 12780.00 ਲੱਖ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਅਮਲਾ, ਅਚਨਚੇਤ ਖਰਚੇ,ਵਿਕਾਸ ਖਰਚੇ ਤੇ ਕੁੱਲ ਖਰਚਾ 14992.00 ਲੱਖ ਰੁਪਏ ਅਨੁਮਾਨਤ ਹੈ।ਆਮਦਨ ਅਤੇ ਖਰਚੇ ਦਾ ਫਰਕ ਜੋ ਕਿ 2212.00 ਲੱਖ ਰੁਪਏ ਹੈ, ਉਸਨੂੰ ਮੁੱਢਲੇ ਬਕਾਇਆ ਵਿਚੋ ਵਰਤਿਆ ਜਾਵੇਗਾ।<br><br>**ਆਮਦਨ:-**<br>ਸਾਲ 2018-2019 ਦੇ ਬਜਟ ਵਿਚ 10815.00 ਲੱਖ ਰੁਪਏ ਕੁੱਲ ਆਮਦਨ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ, ਜਨਵਰੀ 2019 ਤੱਕ ਅਸਲ ਆਮਦਨ 8168.62 ਲੱਖ ਰੁਪਏ ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਆਮਦਨ ਸਾਲ 2018-2019 ਤੱਕ 11702.50 ਲੱਖ ਰੁਪਏ ਹੋਣ ਦੀ ਉਮੀਦ ਹੈ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਾਰੀਆਂ ਮੱਦਾ ਅਧੀਨ ਆਮਦਨ ਦੇ ਮਿਥੇ ਗਏ ਟੀਚੇ ਅਨੁਸਾਰ ਰਿਵਾਇਜੜ ਆਮਦਨ ਪ੍ਰਾਪਤ ਹੋਣ ਦੀ ਪੂਰੀ ਉਮੀਦ ਹੈ। ਵੱਖ-ਵੱਖ ਮੱਦਾ ਅਧੀਨ ਹੋਣ ਵਾਲੀ ਆਮਦਨ ਦਾ ਵੇਰਵੇ ਹੇਠ ਲਿਖੇ ਅਨੁਸਾਰ ਹੈ ਅਤੇ ਪ੍ਰੋਫਾਰਮਾਂ ਨੰ. 1 ਨਾਲ ਨੱਥੀ ਹੈ। | ਸਰਬ ਸੰਮਤੀ ਨਾਲ ਸਾਲ 2018-2019 ਦਾ ਰਿਵਾਇਜ਼ਡ ਬਜਟ ਅਤੇ 2019-2020 ਦਾ ਤਜਵੀਜ਼ਤ ਬਜਟ ਸਰਬ ਸੰਮਤੀ ਨਾਲ ਪ੍ਰਵਾਨ ਹੈ।ਇਸ ਤੋਂ ਇਲਾਵਾ ਕੁੱਝ ਮੈਂਬਰ ਸਾਹਿਬਾਨਾ ਦੀ ਮੰਗ ਤੇ ਹਾਊਸ ਵੱਲੋਂ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਬੋਲੀ ਨੂੰ ਪ੍ਰਫੁਲਿਤ ਕਰਨ ਲਈ ਸਾਲ 2019-2020 ਦੇ ਬਜਟ ਵਿੱਚ 20.00 ਲੱਖ ਰੁਪਏ ਵੀ ਸਰਬ ਸੰਮਤੀ ਨਾਲ ਪ੍ਰਵਾਨ ਕੀਤੇ ਜਾਂਦੇ ਹਨ।ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਮੌਜੂਦਾ ਗਊਸ਼ਾਲਾ ਦੀ ਜਗ੍ਹਾ ਬਹੁਤ ਘੱਟ ਹੋਣ ਕਰਕੇ ਇੱਕ ਹੋਰ ਗਊਸ਼ਾਲਾ ਲਈ ਗਮਾਡਾ ਤੋਂ ਜਗ੍ਹਾ ਦੀ ਖਰੀਦ ਕਰਨ ਅਤੇ ਇਸਦੀ ਉਸਾਰੀ ਲਈ 3.00 ਕਰੋੜ ਰੁਪਏ ਦਾ ਵੀ ਉਕਤ ਬਜਟ ਵਿੱਚ ਉਪਬੰਧ ਕਰਨਾ ਸਰਬ-ਸੰਮਤੀ ਨਾਲ |

| | | | | |
|---|---|---|---|---|
| | | | **1. ਪ੍ਰੋਪਰਟੀ ਟੈਕਸ:-**<br><br>ਸਾਲ 2018-2019 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ 1900.00 ਲੱਖ ਰੁਪਏ ਦਾ ਟੀਚਾ ਫਿਕਸ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਜਨਵਰੀ 2019 ਤੱਕ 2457.67 ਲੱਖ ਰੁਪਏ ਆਮਦਨ ਪ੍ਰਾਪਤ ਹੋ ਚੁੱਕੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਸਾਲ ਦੇ ਖਤਮ ਹੋਣ ਤੱਕ 2757.00 ਲੱਖ ਰੁਪਏ ਹੋਣ ਦੀ ਉਮੀਦ ਹੈ। ਸਾਲ 2019-2020 ਦਾ ਬਜ਼ਟ 2500.00 ਲੱਖ ਰੁਪਏ ਦਾ ਰਖਿਆ ਗਿਆ ਹੈ।<br><br>**2. ਪੰਜਾਬ ਮਿਊਂਸਪਲ ਫੰਡ:-**<br><br>ਸਾਲ 2018-2019 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ 6000.00 ਲੱਖ ਰੁਪਏ ਦਾ ਟੀਚਾ ਫਿਕਸ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਜਨਵਰੀ 2019 ਤੱਕ 4175.64 ਲੱਖ ਰੁਪਏ ਆਮਦਨ ਪ੍ਰਾਪਤ ਹੋ ਚੁੱਕੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਸਾਲ ਦੇ ਖਤਮ ਹੋਣ ਤੱਕ 6000.00 ਲੱਖ ਰੁਪਏ ਹੋਣ ਦੀ ਉਮੀਦ ਹੈ। ਸਾਲ 2019-2020 ਦਾ ਬਜ਼ਟ 6600.00 ਲੱਖ ਰੁਪਏ ਦਾ ਰਖਿਆ ਗਿਆ ਹੈ।<br><br>**3ਬਿਜਲੀ ਉਪਰ ਮਿਉਸਪਲ ਟੈਕਸ-:**<br><br>ਸਾਲ 2018-2019 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ 400.00 ਲੱਖ ਰਪਏ ਦਾ ਟੀਚਾ ਫਿਕਸ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਜਨਵਰੀ 2019 ਤੱਕ 2.95 ਲੱਖ ਰੁਪਏ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਸਾਲ ਦੇ ਖਤਮ ਹੋਣ ਤੱਕ 400.00 ਲੱਖ ਰੁਪਏ ਹੋਣ ਦੀ ਉਮੀਦ ਹੈ। ਸਾਲ 2019-2020 ਦਾ ਬਜ਼ਟ 750.00 ਲੱਖ ਰੁਪਏ ਦਾ ਰੱਖਿਆ ਗਿਆ ਹੈ।<br><br>**4. ਅਡੀਸ਼ਨਲ ਐਕਸਾਈਜ਼ ਡਿਊਟੀ:-**<br><br>ਸਾਲ 2018-2019 ਵਿਚ ਇਸ ਮੱਦ ਅਧੀਨ 722.00 ਲੱਖ ਰੁਪਏ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ। ਜਨਵਰੀ 2019 ਤੱਕ ਇਸ ਮੱਦ ਅਧੀਨ 361.08 ਲੱਖ ਰੁਪਏ ਅਤੇ ਮਾਰਚ 2019 ਤੱਕ 722.00 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਸਾਲ 2019-2020 ਲਈ ਇਸ ਮੱਦ ਅਧੀਨ 800.00 ਲੱਖ ਰੁਪਏ ਦਾ ਟੀਚਾ ਰੱਖਿਆ ਗਿਆ ਹੈ।<br><br>**5. ਰੈਂਟ/ ਸਮਝੋਤਾ ਫੀਸ:-**<br><br>ਸਾਲ 2018-2019 ਵਿਚ ਇਸ ਮੱਦ ਅਧੀਨ 30.00 ਲੱਖ ਰੁਪਏ ਦਾ ਉਪਬੰਧ ਰੱਖਿਆ ਗਿਆ ਸੀ,ਜਿਸ ਦੇ ਵਿਰੁਧ ਜਨਵਰੀ 2019 ਤੱਕ 41.98 ਲੱਖ ਰੁਪਏ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਮਾਰਚ 2019 ਦੇ ਖਤਮ ਹੋਣ ਤੱਕ ਇਸ ਮੱਦ ਅਧੀਨ 45.00 ਲੱਖ ਰੁਪਏ ਹੋਣ ਦੀ ਉਮੀਦ ਹੈ।ਸਾਲ 2019-2020 ਦੇ ਬਜਟ ਵਿੱਚ ਇਸ ਮੱਦ ਅਧੀਨ 60.00 ਲੱਖ ਰੁਪਏ ਦਾ ਉਪਬੰਧ ਰਖਿਆ ਗਿਆ ਹੈ। | ਪ੍ਰਵਾਨ ਕੀਤਾ ਗਿਆ।ਇਸ ਖਰਚੇ ਦਾ ਉਕਤ ਬਜਟ ਵਿੱਚ ਉਪਬੰਧ ਕਰਕੇ ਸਰਕਾਰ ਨੂੰ ਭੇਜਿਆ ਜਾਵੇ। |

**.6ਕੰਮਿਉਨਿਟੀ ਹਾਲ ਬੁਕਿੰਗ ਫੀਸ -:**

ਸਾਲ 2018-2019 ਵਿਚ ਇਸ ਮੱਦ ਅਧੀਨ 60.00 ਲੱਖ ਰੁਪਏ ਦਾ ਉਪਬੰਧ ਰਖਿਆ ਗਿਆ ਸੀ ਜਿਸ ਦੇ ਵਿਰੁਧ ਜਨਵਰੀ 2019 ਤੱਕ 42.24 ਲੱਖ ਰੁਪਏ ਆਮਦਨ ਪ੍ਰਾਪਤ ਹੋ ਚੁਕੀ ਹੈ ਅਤ ਮਾਰਚ 2019 ਦੇ ਖਤਮ ਹੋਣ ਤੱਕ ਇਸ ਮੱਦ ਅਧੀਨ 60.00 ਲੱਖ ਰੁਪਏ ਹੋਣ ਦੀ ਉਮੀਦ ਹੈ। ਸਾਲ 2019-2020 ਦੇ ਬਜਟ ਵਿੱਚ ਇਸ ਮੱਦ ਅਧੀਨ 60.00 ਲੱਖ ਰੁਪਏ ਦਾ ਉਪਬੰਧ ਰੱਖਿਆ ਗਿਆ ਹੈ।

**7. ਵਿਗਿਆਪਨ ਟੈਕਸ:-**

ਸਾਲ 2018-2019 ਵਿੱਚ ਇਸ ਮੱਦ ਅਧੀਨ 1000.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਜਿਸ ਦੇ ਵਿਰੁਧ ਮਾਹ ਜਨਵਰੀ 2019 ਤੱਕ 851.93 ਲੱਖ ਰੁਪਏ ਪ੍ਰਾਪਤ ਹੋ ਚੁਕੇ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਸਾਲ 2018-2019 ਦੇ ਖਤਮ ਹੋਣ ਤੱਕ 1000.00 ਲੱਖ ਰੁਪਏ ਹੋਣ ਦੀ ਉਮੀਦ ਹੈ। ਸਾਲ 2019-2020 ਵਿੱਚ ਇਸ ਮੱਦ ਅਧੀਨ 1100.00 ਲੱਖ ਰੁਪਏ ਦਾ ਟੀਚਾ ਰੱਖਿਆ ਗਿਆ ਹੈ।

**8. ਵਾਟਰ ਸਪਲਾਈ ਅਤੇ ਸੀਵਰੇਜ਼:-**

ਸਾਲ 2018-2019 ਵਿਚ ਇਸ ਮੱਦ ਅਧੀਨ 130.00 ਲੱਖ ਰੁਪਏ ਦੀ ਆਮਦਨ ਦਾ ਬਜਟ ਰਖਿਆ ਗਿਆ ਸੀ। ਸਾਲ 2018-2019 ਦੋਰਾਨ ਇਸ ਮੱਦ ਅਧੀਨ ਨਗਰ ਨਿਗਮ ਦੀ ਆਮਦਨ 59.50 ਲੱਖ ਰੁਪਏ ਜਨਵਰੀ 2019 ਤੱਕ ਹੋ ਚੁੱਕੀ ਅਤੇ ਮਾਰਚ 2019 ਤੱਕ 130.00 ਲੱਖ ਰੁਪਏ ਹੋਣ ਦੀ ਉਮੀਦ ਹੈ। ਇਸ ਅਧਾਰ ਤੇ ਸਾਲ 2019-2020 ਦੋਰਾਨ 130.00 ਲੱਖ ਰੁਪਏ ਦਾ ਟੀਚਾ ਇਸ ਮੱਦ ਅਧੀਨ ਤਜਵੀਜਤ ਹੈ।

**9. ਬਿਲਡਿੰਗ ਐਪਲੀਕੇਸ਼ਨ ਫੀਸ:-**

ਸਾਲ 2018-2019 ਵਿਚ ਇਸ ਮੱਦ ਅਧੀਨ 20.00 ਲੱਖ ਰੁਪਏ ਦੀ ਟੀਚਾ ਰਖਿਆ ਗਿਆ ਸੀ, ਜਿਸ ਦੇ ਵਿਰੁਧ ਨਗਰ ਨਿਗਮ ਨੂੰ ਮਾਹ ਜਨਵਰੀ 2019 ਤੱਕ 28.98 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋ ਚੁਕੀ ਹੈ ਅਤੇ ਮੌਜੂਦਾ ਆਮਦਨ ਦੀ ਰਫਤਾਰ ਨੂੰ ਮੁਖ ਰੱਖਦੇ ਹੋਏ ਸਾਲ 2018-2019 ਦੇ ਖਤਮ ਹੋਣ ਤੇ ਇਸ ਮੱਦ ਅਧੀਨ 35.00 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾ ਹੈ ਅਤੇ ਸਾਲ 2019-2020 ਵਿਚ ਇਸ ਮੱਦ ਅਧੀਨ 30.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਹੈ।

**10. ਲਾਇਸੈਂਸ ਫੀਸ:-**

ਸਾਲ 2018-2019 ਦੋਰਾਨ ਇਸ ਮੱਦ ਅਧੀਨ 40.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਸੀ ਜਿਸ ਵਿੱਚੋ ਜਨਵਰੀ 2019 ਤੱਕ 18.82 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ ਅਤੇ ਸਾਲ ਦੇ ਅੰਤ ਤੱਕ ਆਮਦਨ ਦਾ ਟੀਚਾ 40.00 ਲੱਖ ਰੁਪਏ ਪੁਰਾ ਪ੍ਰਾਪਤ ਹੋਣ ਦੀ ਉਮੀਦ ਹੈ। ਸਾਲ 2019-2020 ਦੋਰਾਨ ਇਸ ਮੱਦ ਅਧੀਨ 45.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਹੈ।

**.11ਸਕਰੂਟਨੀ ਅਤੇ ਨਾਨਕੰਸਟਰਕਸ਼ਨ ਫੀਸ -**

ਇਸ ਮੱਦ ਸਬੰਧੀ ਦੱਸਿਆ ਜਾਂਦਾ ਹੈ ਕਿ ਗਮਾਡਾ ਵੱਲੋਂ ਪ੍ਰਾਪਤ ਕੀਤੀ ਜਾਣ ਵਾਲੀ ਸਕਰੂਟਨੀ ਅਤੇ ਨਾਨ ਕੰਟਸਟਰੱਕਸ਼ਨ ਫੀਸ਼ ਦਾ 50% ਹਿੱਸਾ ਨਗਰ ਨਿਗਮ ਨੂੰ ਦੇਣਾ ਬਣਦਾ ਹੈ। ਸਾਲ 2011 ਵਿੱਚ 430.12 ਲੱਖ ਰੁਪਏ ਗਮਾਡਾ ਵੱਲੋਂ 2008 ਤੋਂ ਜੁਲਾਈ 2011 ਤੱਕ ਦੀ ਅਦਾਇਗੀ ਕੀਤੀ ਗਈ ਹੈ। ਉਸ ਤੋਂ ਬਾਅਦ ਕੋਈ ਵੀ ਸਕਰੂਟਨੀ ਅਤੇ ਨਾਨ-ਕਸਟਰੱਕਸ਼ਨ ਫੀਸ਼ ਦਾ ਬਣਦਾ ਸੇਅਰ ਨਗਰ ਨਿਗਮ ਨੂੰ ਗਮਾਡਾ ਵੱਲੋਂ ਨਹੀ ਦਿੱਤਾ ਗਿਆ।ਉਕਤ ਪ੍ਰਾਪਤ ਕੀਤੀ ਗਈ ਰਾਸ਼ੀ ਦੇ ਆਧਾਰ ਤੇ ਸਾਲ 2019-2020 ਲਈ ਇਸ ਮੱਦ ਅਧੀਨ 100.00 ਲੱਖ ਰੁਪਏ ਬਜਟ ਤਜਵੀਜ਼ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜੁਲਾਈ 2011 ਤੋਂ ਵਿੱਤੀ ਸਾਲ 2018-2019 ਤੱਕ ਬਣਦੀ ਬਕਾਇਆ ਰਕਮ ਪ੍ਰਾਪਤ ਕਰਨ ਲਈ ਵੀ ਨਗਰ ਨਿਗਮ ਵੱਲੋਂ ਗਮਾਡਾ ਨਾਲ ਮਾਮਲਾ ਟੇਕ-ਅੱਪ ਕੀਤਾ ਜਾ ਰਿਹਾ ਹੈ।

**12. ਹੋਰ ਮੱਦਾਂ:-**

ਸਾਲ 2018-2019 ਦੋਰਾਨ ਹੋਰ ਮੱਦਾਂ ਅਧੀਨ 500.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਜਿਸ ਵਿਰੁਧ ਜਨਵਰੀ 2019 ਤੱਕ 120.51 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ ਸਾਲ ਦੇ ਅੰਤ ਤੱਕ 500.00 ਲੱਖ ਰੁਪਏ ਆਮਦਨ ਪ੍ਰਾਪਤ ਹੋਣ ਦੀ ਉਮੀਦ ਹੈ।ਸਾਲ 2019-2020 ਲਈ 575.00 ਲੱਖ ਰੁਪਏ ਦੀ ਆਮਦਨ ਹੋਰ ਮੱਦਾਂ ਅਧੀਨ ਤਜਵੀਜ ਕੀਤੀ ਜਾਂਦੀ ਹੈ।ਇਸ ਤੋ ਇਲਾਵਾ ਸਾਲ 2018-2019 ਦੋਰਾਨ ਕੈਟਲ ਪਾਉਂਡ ਅਤੇ ਸਲਾਟਰ ਹਾਉਸ ਦੀ ਮੱਦ ਅਧੀਨ ਕ੍ਰਮਵਾਰ 10।00 ਲੱਖ ਅਤੇ 3।5 ਲੱਖ ਰੁਪਏ ਉਪਬੰਧ ਕੀਤਾ ਗਿਆ ਸੀ ਜਿਸ ਵਿਰੁਧ ਕੁੱਲ 7.32 ਲੱਖ ਰੁਪਏ ਦੀ ਆਮਦਨ ਜਨਵਰੀ 2019 ਤੱਕ ਪ੍ਰਾਪਤ ਹੋ ਚੁੱਕੀ ਹੈ ਅਤੇ ਮਾਰਚ 2019 ਤੱਕ ਇਹਨਾਂ ਦੋ ਮੱਦਾਂ ਅਧੀਨ ਕੁੱਲ 13.5 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਆਸ ਹੈ ਅਤੇ ਸਾਲ 2019-2020 ਲਈ ਕ੍ਰਮਵਾਰ 20.00 ਲੱਖ ਅਤੇ 10.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਸਾਲ 2018-2019 ਦੋਰਾਨ ਮਾਹ ਜਨਵਰੀ 2019 ਤੱਕ ਨਗਰ ਨਿਗਮ ਵੱਲੋਂ ਲਗਭਗ 75.53%

ਆਮਦਨ ਟੀਚਾ ਪ੍ਰਾਪਤ ਕਰ ਲਿਆ ਗਿਆ ਹੈ। ਅਤੇ ਸਾਲ ਦੇ ਅੰਤ ਤੱਕ ਆਮਦਨ ਦਾ ਟੀਚਾ 100% ਪੂਰਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

**ਖਰਚਾ:-**

ਸਾਲ 2018-2019 ਵਿਚ ਨਗਰ ਨਿਗਮ ਐਸ.ਏ.ਐਸ.ਵਲੋਂ ਅਮਲਾ, ਕੰਟੀਜੇਂਸੀ ਅਤੇ ਵਿਕਾਸ ਦੇ ਕੰਮਾਂ ਲਈ ਖਰਚਾ 14992.00 ਲੱਖ ਰੁਪਏ ਹੇਠ ਲਿਖੇ ਅਨੁਸਾਰ ਤਜ਼ਵੀਜ਼ ਕੀਤਾ ਜ਼ਾਦਾ ਹੈ।

**ਅਮਲਾ:-**

ਸਾਲ 2018-2019 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ 3970.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਗਿਆ ਸੀ। ਜਿਸ ਦੇ ਵਿਰੁਧ ਮਾਹ ਜਨਵਰੀ 2019 ਤੱਕ 2711.01 ਲੱਖ ਰੁਪਏ ਖਰਚ ਹੋ ਚੁਕੇ ਹਨ ਅਤੇ ਮਾਹ ਮਾਰਚ 2019 ਤੱਕ ਇਸ ਮੱਦ ਅਧੀਨ 3970.00 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ। ਸਾਲ 2019-2020 ਦੌਰਾਨ ਇਸ ਮੱਦ ਅਧੀਨ ਰੈਗੁਲਰ ਅਸਾਮੀਆਂ ਦਾ ਖਰਚਾ ਲੱਗਭਗ 3291.00 ਲੱਖ ਰੁਪਏ ਤਜਵੀਜ ਕੀਤਾ ਗਿਆ ਰਿਟਾਇਰਮੈਂਟ ਡਿਊਜ਼ ਅਤੇ ਇਸ ਮੱਦ ਅਧੀਨ ਦਫ਼ਤਰੀ ਕੰਮ ਲਈ ਸਟਾਫ , ਫਾਇਰ ਸ਼ਾਖਾ, ਹੋਰਟੀਕਲਚਰ, ਬਿਜਲੀ ਸ਼ਾਖਾ, ਕੈਂਟਲ ਕੈਚਲ, ਫੌਗਿੰਗ, ਨਾਇਟ ਸੈਲਟਰ ਅਤੇ ਕੰਮਿਊਨਿਟੀ ਹਾਲ ਦੇ ਰੱਖਰਖਾਵ ਵਿੱਚ ਆਉਟ ਸੋਰਸਜ਼ ਰਾਂਹੀ ਭਰੀਆ ਜਾਣ ਵਾਲੀ ਅਸਾਮੀਆਂ ਆਦਿ ਉਪਰ ਲਗਭਗ ਖਰਚਾ 660.00 ਲੱਖ ਰੁਪਏ ਹੋਣ ਦੀ ਸੰਭਾਵਨਾ ਹੈ।ਜਿਸ ਨਾਲ ਇਸ ਮੱਦ ਅਧੀਨ ਸਾਲ 2019-2020 ਵਿੱਚ ਕੁੱਲ ਖਰਚਾ 3951.00 ਲੱਖ ਰੁਪਏ ਹੋਣ ਦੀ ਸੰਭਾਵਨਾ ਹੈ।ਆਸਾਮੀਆਂ ਦਾ ਖਰਚਾ ਪ੍ਰੋਫਾਰਮਾਂ ਨੰ. 2 ਅਤੇ ਆਸਾਮੀਆਂ ਦੀ ਡਿਟੇਲ ਪ੍ਰੋਫਾਰਮਾਂ ਨੰ.6 ਤੇ ਨਾਲ ਨੱਥੀ ਹੈ।

**ਕੰਟੀਜੈਂਸੀ ਖਰਚੇ:-**

ਸਾਲ 2018-2019 ਵਿਚ ਇਸ ਮੱਦ ਅਧੀਨ ਸਰਕਾਰ ਵਲੋਂ 400.00 ਲੱਖ ਰੁਪਏ ਪ੍ਰਵਾਨ ਕੀਤਾ ਗਿਆ ਜਿਸ ਦੇ ਵਿਰੁਧ ਮਾਹ ਜਨਵਰੀ 2019 ਤੱਕ 337.60 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ ਦੇ ਖਤਮ ਹੋਣ ਤੱਕ ਇਸ ਮੱਦ ਅਧੀਨ 400.00 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ।ਸਾਲ 2019-2020 ਵਿਚ ਇਸ ਮੱਦ ਅਧੀਨ 456.00 ਲੱਖ ਰੁਪਏ ਦਾ ਟੀਚਾ ਰਖਿਆ ਗਿਆ ਹੈ। ਪ੍ਰੋਫਾਰਮਾਂ ਨੰ.3 ਨਾਲ ਨੱਥੀ ਹੈ।

**ਵਿਕਾਸ ਦੇ ਕੰਮਾਂ ਤੇ ਖਰਚੇ ਬਾਰੇ:-**

| | | | | |
|---|---|---|---|---|
| | | | ਸਾਲ 2018-2019 ਅਧੀਨ ਸਰਕਾਰ ਵਲੋਂ ਇਸ ਮੱਦ ਅਧੀਨ 8117.00 ਲੱਖ ਰੁਪਏ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ ਜਿਸ ਦੇ ਵਿਰੁਧ ਮਾਹ ਜਨਵਰੀ 2019 ਤੱਕ 5062.45 ਲੱਖ ਰੁਪਏ ਖਰਚ ਹੋ ਚੁਕੇ ਹਨ ਅਤੇ ਸਾਲ ਦੇ ਖਤਮ ਹੋਣ ਤੱਕ 8117.00 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ। ਸਾਲ 2019-2020 ਲਈ ਇਸ ਮੱਦ ਅਧੀਨ ਕੁੱਲ ਖਰਚਾ 10585.00 ਲੱਖ ਰੁਪਏ ਤਜਵੀਜ ਕੀਤਾ ਜਾਂਦਾ ਹੈ। ਇਸ ਵਿੱਚ ਸਲਾਟਰ ਹਾਉਸ ਦੇ ਆਧੁਨਿਕੀਕਰਣ ਲਈ 100.00 ਲੱਖ ਰੁਪਏ ਦਾ ਐਨੀਮਲ ਬਰਥ ਕੰਟਰੋਲ ਪ੍ਰੋਗਰਾਮ ਦੇ ਤਹਿਤ 65.00 ਲੱਖ ਰੁਪਏ ਅਤੇ ਸੋਲਿਡ ਵੇਸਟ ਮੈਨੇਜ਼ਮੈਟ-ਵੇਸਟ ਪ੍ਰੋਸੈਸਿੰਗ ਲਈ ਵਿਸੇਸ਼ ਉਪਬੰਧ ਕੀਤਾ ਗਿਆ ਹੈ। ਇਸ ਮੱਦ ਅਧੀਨ ਮੁੱਖ ਤੌਰ ਤੇ ਸਟ੍ਰੀਟ ਲਾਈਟ ਦੇ ਬਿਜਲੀ ਦੇ ਬਿਲ, ਵਾਟਰ ਸਪਲਾਈ ਤੇ ਮੈਨਟੈਨਸ ਅਤੇ ਸੜਕਾਂ, ਗਲੀਆਂ, ਨਾਲਿਆਂ, ਫੁਟਪਾਥ ਅਤੇ ਮਸ਼ੀਨਰੀ ਖਰੀਦਨ ਵਾਸਤੇ ਵੱਖ ਵੱਖ ਮੱਦਾਂ ਅਧੀਨ ਬਜਟ ਦਾ ਢੁੱਕਵਾਂ ਉਪਬੰਧ ਰਖਿਆ ਹੈ। ਇਸ ਤੋਂ ਇਲਾਵਾ ਵਿਕਾਸ ਦੇ ਕੰਮ 14ਵੇਂ ਵਿੱਤ ਕਮਿਸ਼ਨ ਤੋਂ ਪ੍ਰਾਪਤ ਹੋਣ ਵਾਲੀ ਗਰਾਂਟ ਵਿਚੋਂ ਵੀ ਕਰਵਾਇਆ ਜਾਵੇਗਾ। ਪ੍ਰੋਫਾਰਮਾਂ ਨੰ. 4 ਅਤੇ 5 ਨਾਲ ਨੱਥੀ ਹੈ।<br><br>ਉਕਤ ਰਿਪੋਰਟ ਅਨੁਸਾਰ ਸਾਲ 2018-2019 ਦਾ ਸੋਧਿਆ/ਰਿਵਾਈਜਡ ਹੋਇਆ ਬਜ਼ਟ ਅਤੇ ਸਾਲ 2019-2020 ਦਾ ਤਜਵੀਜ਼ ਬਜ਼ਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਐਕਟ 1976 ਦੀ ਧਾਰਾ 86 ਅਧੀਨ ਮਾਨਯੋਗ ਹਾਉਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | |

ਸਹੀ/-
ਮੇਅਰ,
ਨਗਰ ਨਿਗਮ,
ਐਸ.ਏ.ਐਸ.ਨਗਰ